

ਵਾਈਸ ਚਾਂਸਲਰ ਡਾ. ਬਲਦੇਵ ਸਿੰਘ ਢਿੱਲੋਂ ਅਤੇ ਨਿਰਦੇਸ਼ਕ ਪਸਾਰ ਸਿੱਖਿਆ
ਡਾ. ਰਾਜਿੰਦਰ ਸਿੰਘ ਸਿੱਧੂ ਕੋਲੋਂ ਸ. ਗੁਰਪ੍ਰੀਤ ਸਿੰਘ ਸਿੱਧੂ
'ਸ. ਦਲੀਪ ਸਿੰਘ ਧਾਲੀਵਾਲ ਪੁਰਸਕਾਰ' ਹਾਸਲ ਕਰਦੇ ਹੋਏ ।
ਪੀ ਏ ਯੂ ਦੇ ਪ੍ਰਬੰਧਕੀ ਬੋਰਡ ਦੇ ਸਾਬਕਾ ਮੈਂਬਰ
ਸਰਦਾਰਨੀ ਕਰਮਜੀਤ ਕੌਰ ਦਾਨੇਵਾਲੀਆ ਨਾਲ ਖੜ੍ਹੇ ਹਨ ।

## ਆਪਣੇ ਹੱਥੀਂ ਖੇਤੀ ਕਰਨ ਵਾਲੇ ਸਫ਼ਲ ਕਿਸਾਨ

# ਸ. ਗੁਰਪ੍ਰੀਤ ਸਿੰਘ ਸਿੱਧੂ

ਸ. ਗੁਰਪ੍ਰੀਤ ਸਿੰਘ ਸਿੱਧੂ, ਜ਼ਿਲ੍ਹਾ ਬਠਿੰਡਾ ਦੇ ਪਿੰਡ ਮਹਿਰਾਜ ਦੇ ਇੱਕ ਅਗਾਂਹਵਧੂ ਕਿਸਾਨ ਹਨ, ਜਿਨ੍ਹਾਂ ਨੇ ਖੇਤੀ ਕਰਨ ਦੀਆਂ ਆਧੁਨਿਕ ਤਕਨੀਕਾਂ ਅਤੇ ਖੇਤੀ ਵਿਭਿੰਨਤਾ ਡੇਅਰੀ, ਸਬਜ਼ੀਆਂ ਅਤੇ ਝੋਨੇ ਦੀ ਸਿੱਧੀ ਬਿਜਾਈ ਨੂੰ ਅਪਣਾ ਕੇ ਖੇਤੀ ਦੇ ਧੰਦੇ ਨੂੰ ਲਾਹੇਵੰਦ ਬਣਾਇਆ ਹੋਇਆ ਹੈ। 27 ਸਾਲਾਂ ਦਸਵੀਂ ਪੜ੍ਹੇ ਇਹ ਕਿਸਾਨ ਮੰਨਦੇ ਹਨ ਕਿ ਖੇਤੀ ਕੋਈ ਜ਼ਿਆਦਾ ਲਾਹੇਵੰਦ ਧੰਦਾ ਨਹੀਂ ਰਿਹਾ, ਜੇਕਰ ਵਿਗਿਆਨਕ ਲੀਹਾਂ ਤੇ ਚੱਲ ਕੇ ਆਧੁਨਿਕ ਤਕਨੀਕਾਂ ਨੂੰ ਅਪਣਾ ਕੇ ਖੇਤੀ ਨਾ ਕੀਤੀ ਜਾਵੇ। ਉਹ ਇਹ ਵੀ ਮੰਨਦੇ ਹਨ ਕਿ ਖੇਤੀ ਵਿੱਚ ਮੁਨਾਫ਼ਾ ਕਮਾਉਣ ਲਈ ਕਿਸਾਨ ਵੀਰਾਂ ਨੂੰ ਇਸ ਧੰਦੇ ਦੀਆਂ ਬਾਰੀਕੀਆਂ ਤੋਂ ਜਾਣੂੰ ਹੋਣਾ ਬਹੁਤ ਜ਼ਰੂਰੀ ਹੈ ਅਤੇ ਫ਼ਸਲਾਂ ਦਾ ਪੂਰਾ ਝਾੜ ਲੈਣ ਲਈ ਜ਼ਮੀਨ ਦਾ ਉਪਜਾਊਪਣ ਬਰਕਰਾਰ ਰੱਖਣਾ ਬਹੁਤ ਜ਼ਰੂਰੀ ਹੈ।

ਸੰਨ 2003 ਤੋਂ ਉਨ੍ਹਾਂ ਨੇ ਖੇਤੀ ਦਾ ਕੰਮ ਸ਼ੁਰੂ ਕੀਤਾ ਜਦੋਂ ਉਹ ਅਜੇ ਸਕੂਲੀ ਵਿਦਿਆ ਹਾਸਲ ਕਰ ਰਹੇ ਸੀ। ਉਹ ਆਪਣੀ ਉਸਾਰੂ ਸੋਚ ਕਾਰਨ ਗੰਧਲੇ ਹੋ ਰਹੇ ਵਾਤਾਵਰਣ ਅਤੇ ਧਰਤੀ ਦੇ ਹੇਠਲੇ ਪਾਣੀ ਦੇ ਥੱਲੇ ਜਾ ਰਹੇ ਪੱਧਰ ਤੋਂ ਚਿੰਤਤ ਸੀ। ਉਸੇ ਸੋਚ ਨੂੰ ਲੈ ਕੇ ਜਦੋਂ ਖੇਤੀ ਦੇ ਕਿੱਤੇ ਵਿੱਚ ਪੈਰ ਧਰਿਆ ਤਾਂ ਇਸ ਮਸਲੇ ਦੇ ਹੱਲ ਲੱਭਣੇ ਸ਼ੁਰੂ ਕੀਤੇ ਕਿ ਇਹਨਾਂ ਸੋਮਿਆਂ ਨੂੰ ਕਿਵੇਂ ਬਚਾਇਆ ਜਾ ਸਕਦਾ ਹੈ। ਉਨ੍ਹਾਂ ਨੇ ਆਪਣੇ ਚੰਗੇ ਵਿਚਾਰਾਂ ਦੇ ਆਧਾਰ ਤੇ ਸੰਨ 2009 ਵਿੱਚ ਢਾਈ ਏਕੜ ਵਿੱਚ ਝੋਨੇ ਦੀ ਸਿੱਧੀ ਬਿਜਾਈ ਮਸ਼ੀਨ ਨਾਲ ਕੀਤੀ ਤਾਂ ਬਹੁਤ ਵਧੀਆ ਝਾੜ ਪ੍ਰਾਪਤ ਹੋਇਆ। ਉਸ ਸਮੇਂ ਉਨ੍ਹਾਂ ਦੇ ਇਲਾਕੇ ਦੇ ਕਿਸਾਨ ਝੋਨੇ ਦੀ ਸਿੱਧੀ ਬਿਜਾਈ ਦੀ ਸਫ਼ਲਤਾ ਤੇ ਸ਼ੱਕ ਕਰਦੇ ਸਨ, ਪ੍ਰੰਤੂ ਉਹਨਾਂ ਦੀ ਫ਼ਸਲ ਦਾ ਝਾੜ ਦੇਖ ਕੇ ਦੰਗ ਰਹਿ ਗਏ ਅਤੇ ਉਹਨਾਂ ਤੋਂ ਝੋਨੇ ਦੀ ਸਿੱਧੀ ਬਿਜਾਈ ਬਾਰੇ ਸਲਾਹ ਲੈਣ ਲੱਗ ਪਏ। ਵਧੀਆ ਝਾੜ ਪ੍ਰਾਪਤ ਹੋਣ ਤੋਂ ਬਾਅਦ ਉਹਨਾਂ ਨੇ ਹੌਲੀ-ਹੌਲੀ ਝੋਨੇ ਦੀ ਸਿੱਧੀ ਬਿਜਾਈ ਹੇਠ ਰਕਬਾ ਵਧਾ ਲਿਆ। ਹੁਣ ਉਹ 31 ਏਕੜ ਵਿੱਚ ਝੋਨੇ ਦੀ ਕਾਸ਼ਤ ਕਰਕੇ 39 ਕੁਇੰਟਲ

ਪ੍ਰਤੀ ਏਕੜ ਦੇ ਹਿਸਾਬ ਨਾਲ ਝਾੜ ਪ੍ਰਾਪਤ ਕਰ ਰਹੇ ਹਨ । ਇਸ ਤੋਂ ਉਪਰੰਤ ਖੇਤੀ ਨਾਲ ਸਬੰਧਤ ਕਈ ਅਧਿਕਾਰੀਆਂ ਅਤੇ ਸਾਇੰਸਦਾਨਾਂ ਨੇ ਉਨ੍ਹਾਂ ਦੇ ਖੇਤਾਂ ਦਾ ਦੌਰਾ ਕੀਤਾ। ਉਨ੍ਹਾਂ ਦੇ ਫਾਰਮ ਤੇ ਝੋਨੇ ਦੀ ਸਿੱਧੀ ਬਿਜਾਈ ਸਬੰਧੀ ਇੱਕ ਵਰਕਸ਼ਾਪ ਦਾ ਆਯੋਜਨ ਵੀ ਕੀਤਾ। ਉਨ੍ਹਾਂ ਦੇ ਫਾਰਮ ਤੇ ਫਾਰਮ ਸਲਾਹਕਾਰ ਸੇਵਾ ਕੇਂਦਰ, ਬਠਿੰਡਾ ਵੱਲੋਂ ਝੋਨੇ ਦੀ ਸਿੱਧੀ ਬਿਜਾਈ ਤੇ ਖੇਤ ਦਿਵਸ ਸਤੰਬਰ 2014 ਨੂੰ ਮਨਾਇਆ ਗਿਆ । ਉਹ ਝੋਨੇ, ਕਣਕ ਅਤੇ ਬਾਸਮਤੀ ਦੀਆਂ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਪ੍ਰਮਾਣਿਤ ਕਿਸਮਾਂ ਦੀ ਹੀ ਬਿਜਾਈ ਕਰਦੇ ਹਨ ਅਤੇ ਫ਼ਸਲਾਂ ਦਾ ਚੰਗਾ ਝਾੜ ਲੈ ਰਹੇ ਹਨ। ਫਾਰਮ ਦੀ ਵਿਉਂਤਬੰਦੀ ਕਰਨ ਤੋਂ ਪਹਿਲਾਂ ਉਹ ਦੀ ਮਾਹਿਰਾਂ ਰਾਏ ਲੈਂਦੇ ਹਨ ।

ਹਾੜ੍ਹੀ ਵਿੱਚ ਉਹ ਕਣਕ (33 ਏਕੜ), ਆਲੂ (5 ਏਕੜ) ਅਤੇ ਹਰੇ ਚਾਰੇ (2 ਏਕੜ) ਦੀ ਕਾਸ਼ਤ ਕਰਦੇ ਹਨ। ਸਾਉਣੀ ਵਿੱਚ ਝੋਨਾ (31 ਏਕੜ), ਬਾਸਮਤੀ (4 ਏਕੜ) ਹਰਾ ਚਾਰਾ, ਮੱਕੀ, ਚਰ੍ਹੀ (3 ਏਕੜ) ਦੀ ਕਾਸ਼ਤ ਕਰਦੇ ਹਨ। ਇਸ ਤੋਂ ਇਲਾਵਾ ਸਬਜ਼ੀਆਂ ਜਿਵੇਂ ਕਿ ਕੱਦੂ, ਤੋਰੀ, ਖੀਰਾ, ਭਿੰਡੀ ਆਦਿ ਡੇਢ ਏਕੜ ਰਕਬੇ ਵਿੱਚ ਲਾਉਂਦੇ ਹਨ, ਜਿਸ ਨਾਲ ਘਰ ਦੀਆਂ ਰੋਜ਼ਾਨਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਦੇ ਹਨ ਅਤੇ ਬਾਕੀ ਮੰਡੀ ਵਿੱਚ ਵੇਚ ਦਿੰਦੇ ਹਨ। ਸਬਜ਼ੀਆਂ ਦੀ ਰਹਿੰਦ-ਖੂੰਹਦ ਉਹ ਜ਼ਮੀਨ ਵਿੱਚ ਮਿਲਾਉਂਦੇ ਹਨ। ਉਹ ਕਦੀਂ ਵੀ ਸਬਜ਼ੀਆਂ ਬਜ਼ਾਰ ਵਿਚੋਂ ਨਹੀਂ ਖਰੀਦਦੇ, ਸਗੋਂ ਉਹ ਦਾਲਾਂ ਵੀ ਆਪਣੇ ਖੇਤਾਂ ਵਿੱਚ ਘਰੇਲੂ ਗੁਜ਼ਾਰੇ ਜੋਗੀਆ ਪੈਦਾ ਕਰਦੇ ਹਨ। ਉਹ ਸਾਰਾ ਸਾਲ ਦੇਸੀ ਘਿਉ ਘਰ ਦੀਆਂ ਮੱਝਾਂ ਦਾ ਹੀ ਵਰਤਦੇ ਹਨ ਅਤੇ ਸਰੋਂ ਦੇ ਤੇਲ ਲਈ ਉਹ ਆਪਣੇ ਖੇਤਾਂ ਵਿੱਚ ਕਨੌਲਾ ਸਰੋਂ ਉਗਾਉਂਦੇ ਹਨ। ਉਨ੍ਹਾਂ ਨੇ ਆਪਣਾ ਡੇਅਰੀ ਫਾਰਮ ਵੀ ਖੋਲ੍ਹਿਆ ਹੋਇਆ ਹੈ, ਜਿਸ ਵਿੱਚ ਚੰਗੇ ਮਿਆਰ ਵਾਲੇ ਪਸ਼ੂ ਰੱਖੇ ਹੋਏ ਹਨ ਜਿਵੇਂ ਕਿ 6 ਗਾਵਾਂ, 14 ਮੱਝਾਂ ਅਤੇ 7 ਵੱਛੀਆਂ ਹਨ । ਉਹ ਦੁੱਧ ਆਪਣੇ ਨੇੜਲੇ ਇਲਾਕਿਆਂ ਵਿੱਚ ਵੇਚ ਕੇ ਵਧੀਆ ਆਮਦਨ ਲੈ ਰਹੇ ਹਨ। ਘਰੇਲੂ ਜ਼ਰੂਰਤ ਲਈ ਉਹ ਗੁੜ, ਹਲਦੀ, ਲਾਲ ਅਤੇ ਹਰੀ ਮਿਰਚ ਵੀ ਪੈਦਾ ਕਰਦੇ ਹਨ। ਇਸ ਤੋਂ ਇਲਾਵਾ ਖੁਰਾਕੀ ਲੋੜਾਂ ਦੀ ਪੂਰਤੀ ਲਈ ਫ਼ਲਾਂ ਦੇ ਬੂਟੇ ਵੀ ਲਗਾਏ ਹੋਏ ਹਨ। ਜਿਨ੍ਹਾਂ ਵਿੱਚ ਅਮਰੂਦ, ਨਿੰਬੂ, ਕਿੰਨੂ, ਬੇਰ, ਕੇਲਾ, ਆਂਵਲਾ ਸ਼ਾਮਲ ਹਨ। ਘਰੇਲੂ ਲੋੜਾਂ ਲਈ ਉਹ ਜੀਰਾ, ਸੌਂਫ, ਅਜਵੈਣ ਅਤੇ ਹਾਲੋ ਵੀ ਆਪਣੇ ਖੇਤਾਂ ਵਿੱਚ ਉਗਾਉਂਦੇ ਹਨ।

ਉਨ੍ਹਾਂ ਨੇ ਪਸ਼ੂਆਂ ਲਈ ਸੰਤੁਲਿਤ ਖੁਰਾਕ ਵਾਸਤੇ ਘਰ ਵਿੱਚ ਚੱਕੀ ਲਾਈ ਹੋਈ ਹੈ। ਪਸ਼ੂਆਂ ਦੀ ਖੁਰਾਕ ਤਿਆਰ ਕਰਨ ਲਈ ਉਹ ਵੈਟਨਰੀ ਯੂਨੀਰਸਿਟੀ

ਦੇ ਮਾਹਿਰਾਂ ਦੀ ਰਾਏ ਅਨੁਸਾਰ ਪ੍ਰਮਾਣਿਤ ਤਰੀਕੇ ਨਾਲ ਘਰ ਦੀ ਸਰੋਂ ਦੀ ਖਲ, ਮੱਕੀ, ਕਣਕ ਤੇ ਚੌਲਾਂ ਦੀ ਟੁੱਟ ਦੀ ਵਰਤੋਂ ਕਰਦੇ ਹਨ । ਉਨ੍ਹਾਂ ਦੇ ਡੰਗਰ ਵਧੀਆ ਕੁਆਲਿਟੀ ਦਾ ਦੁੱਧ ਦਿੰਦੇ ਹਨ।

ਉਨ੍ਹਾਂ ਦੇ ਫਾਰਮ ਤੇ ਪਰਿਵਾਰਕ ਮੈਂਬਰਾਂ ਦੇ ਹਿਸਾਬ ਅਨੁਸਾਰ ਵੱਡਾ ਗੋਬਰ ਗੈਸ ਪਲਾਂਟ ਲੱਗਾ ਹੋਇਆ ਹੈ ਅਤੇ ਸਾਰਾ ਸਾਲ ਉਹ ਘਰੇਲੂ ਜ਼ਰੂਰਤ ਲਈ ਐਲ ਪੀ ਜੀ ਗੈਸ ਵਰਤਣ ਦੀ ਥਾਂ ਗੋਬਰ ਗੈਸ ਪਲਾਂਟ ਦੀ ਵਰਤੋਂ ਕਰਦੇ ਹਨ। ਇਸ ਤੋਂ ਇਲਾਵਾ ਗੋਬਰ ਗੈਸ ਦੀ ਵਰਤੋਂ ਉਹ ਪਸ਼ੂਆਂ ਲਈ ਹਰਾ ਚਾਰਾ ਕੁਤਰਣ ਵਾਲੀ ਮਸ਼ੀਨ ਨੂੰ ਚਲਾਉਣ ਲਈ ਵੀ ਕਰਦੇ ਹਨ । ਸਲੱਰੀ ਨੂੰ ਹਰ ਸਾਲ ਬਦਲ-ਬਦਲ ਕੇ ਖੇਤਾਂ ਵਿੱਚ ਪਾਉਂਦੇ ਹਨ, ਜਿਸ ਨਾਲ ਉਪਜ ਅਤੇ ਕੁਆਲਿਟੀ ਵਿੱਚ ਚੰਗਾ ਵਾਧਾ ਹੁੰਦਾ ਹੈ ਅਤੇ ਨਾਲੋਂ-ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਬਰਕਰਾਰ ਰਹਿੰਦੀ ਹੈ। ਉਹ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਰਲ ਕੇ ਖੇਤੀ ਕਰਦੇ ਹਨ । ਉਹ ਆਪਣੇ ਖੇਤਾਂ ਤੇ ਕੋਈ ਮਜ਼ਦੂਰ ਨਹੀਂ ਰੱਖਦੇ।

ਉਨ੍ਹਾਂ ਨੇ ਪਿਛਲੇ ਚਾਰ ਸਾਲਾਂ ਤੋਂ ਝੋਨੇ ਦੀ ਪਰਾਲੀ ਨੂੰ ਸਾੜਨ ਦੀ ਥਾਂ ਖੇਤ ਵਿੱਚ ਚੌਪਰ ਮਸ਼ੀਨ ਨਾਲ ਪਰਾਲੀ ਨੂੰ ਬਾਰੀਕ ਕਰਕੇ ਖੇਤ ਵਿੱਚ ਮਿਲਾਉਣ ਦੀ ਤਕਨੀਕ ਅਪਣਾਈ ਹੈ ਅਤੇ ਝੋਨੇ ਦੀ ਪਰਾਲੀ ਰੋਟਾਵੇਟਰ ਅਤੇ ਤਵੀਆਂ ਦੀ ਮੱਦਦ ਨਾਲ ਖੇਤ ਵਿੱਚ ਮਿਲਾਉਣ ਤੋਂ ਬਾਅਦ ਉਹ ਆਲੂ, ਸਬਜ਼ੀਆਂ ਅਤੇ ਮੱਕੀ ਦੀ ਫ਼ਸਲ ਦੀ ਬਿਜਾਈ ਕਰਦੇ ਹਨ। ਪੈਪਸੀ ਨੂੰ ਉਹ ਆਲੂ ਵੇਚਦੇ ਹਨ ਅਤੇ ਮਾਰਕੀਟ ਤੋਂ ਵੱਧ ਮੁਨਾਫ਼ਾ ਕਮਾਉਂਦੇ ਹਨ। ਮੱਕੀ ਦੀ ਫ਼ਸਲ ਨੂੰ ਉਹ ਸਿੱਧਾ ਫੀਡ ਬਨਾਉਣ ਵਾਲੀਆਂ ਮਿੱਲਾਂ ਨੂੰ ਸਪਲਾਈ ਕਰਦੇ ਹਨ। ਝੋਨਾ, ਬਾਸਮਤੀ ਅਤੇ ਸਬਜ਼ੀਆਂ ਨੂੰ ਮੰਡੀ ਵਿੱਚ ਵੇਚਦੇ ਹਨ।

ਉਹ ਕਿਸਾਨ ਸਿਖਲਾਈ ਕੈਂਪਾਂ, ਵਿਚਾਰ ਗੋਸ਼ਟੀਆਂ ਅਤੇ ਇਕੱਤਰਤਾਵਾਂ ਵਿੱਚ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨੂੰ ਸਾੜਨ ਦੀ ਥਾਂ ਰੋਟਾਵੇਟਰ ਦੀ ਮੱਦਦ ਨਾਲ ਖੇਤਾਂ ਵਿੱਚ ਰਲਾਉਣ ਦੀ ਜਾਣਕਾਰੀ ਦੇ ਚੁੱਕੇ ਹਨ । ਜਿਸ ਦੇ ਫਲਸਰੂਪ ਸੰਨ 2015 ਵਿੱਚ ਤਕਰੀਬਨ 500 ਏਕੜ ਵਿੱਚ ਇਸ ਮਸ਼ੀਨ ਦੀ ਕਿਸਾਨਾਂ ਨੇ ਆਪਣੇ ਖੇਤਾਂ ਵਿੱਚ ਵਰਤੋਂ ਕੀਤੀ। ਇਸ ਤੋਂ ਇਲਾਵਾ ਕਿਸਾਨਾਂ ਵਿੱਚ ਵਾਤਾਵਰਣ ਪ੍ਰਤੀ ਜਾਗਰੂਕਤਾ ਲਿਆਉਣ ਲਈ ਰੋਟਾਵੇਟਰ ਮਸ਼ੀਨ ਨੂੰ ਕਿਸਾਨਾਂ ਦੇ ਖੇਤਾਂ ਵਿੱਚ ਚਲਾ ਕੇ ਇਸ ਦਾ ਪ੍ਰਦਰਸ਼ਨ ਵੀ ਕੀਤਾ। ਝੋਨੇ ਦੀ ਪਰਾਲੀ ਨੂੰ ਖੇਤ ਵਿੱਚ ਮਿਲਾਉਣ ਅਤੇ ਵਾਤਾਵਰਣ ਨੂੰ ਬਚਾਉਣ ਬਦਲੇ ਪੰਜਾਬ ਖੇਤੀਬਾੜੀ ਵਿਭਾਗ ਵੱਲੋਂ ਜ਼ਿਲ੍ਹਾ ਕਿਸਾਨ ਸਿਖਲਾਈ ਕੈਂਪ ਤੇ ਸਪੈਸ਼ਲ ਪੁਰਸਕਾਰ ਦਿੱਤਾ

ਗਿਆ। ਇਸ ਤੋਂ ਇਲਾਵਾ ਸ . ਗੁਰਪ੍ਰੀਤ ਸਿੰਘ ਸਿੱਧੂ ਨੂੰ ਸੰਨ 2015 ਵਿੱਚ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵੱਲੋਂ ਸ. ਦਲੀਪ ਸਿੰਘ ਧਾਲੀਵਾਲ ਯਾਦਗਾਰੀ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਉਹ ਕਿਸਾਨ ਭਰਾਵਾਂ ਨੂੰ ਅੱਜ ਦੇ ਯੁੱਗ ਵਿੱਚ ਆਪਣੀ ਖੇਤੀ ਹੱਥੀਂ ਕਰਨ ਦੀ ਪ੍ਰੇਰਣਾ ਦਿੰਦੇ ਹਨ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਵਿੱਚ ਵੀ ਬੱਚੇ ਹੱਥੀਂ ਕੰਮ ਕਰਦੇ ਰਹਿਣ।